ਵਿਸ਼ਾ ਪੰਜਾਬੀ ਜਮਾਤ ਦਸਵੀਂ ਸਾਲ ਅਪ੍ਰੈਲ 2020

# ਮੜ੍ਹੀਆਂ ਤੋਂ ਦੂਰ ਰਘਬੀਰ ਢੰਡ



## 1.ਮੜ੍ਹੀਆਂ ਤੋਂ ਦੂਰ ਕਹਾਣੀ ਦਾ ਸਾਰ ਲਿਖੋ ?

ਬਲਵੰਤ ਰਾਏ ਆਪਣੀ ਮਾਂ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਇੰਗਲੈਂਡ ਲੈ ਆਇਆ। ਐਤਵਾਰ ਦੇ ਦਿਨ ਕਹਾਣੀਕਾਰ ਨੇ ਬਲਵੰਤ ਰਾਏ ਦੇ ਪਰਿਵਾਰ ਨੂੰ ਉਸ ਦੀ ਮਾਂ ਸਮੇਤ ਆਪਣੇ ਘਰ ਖਾਣੇ ਤੇ ਸੱਦਿਆ ਤਾਂ ਬਲਵੰਤ ਰਾਏ ਦੀ ਮਾਂ ਕਹਾਣੀਕਾਰ ਦੀ ਪਤਨੀ ਦੀ ਮਾਂ ਦੇ ਸ਼ਹਿਰ ਰਾਵਲਪਿੰਡੀ ਦੀ ਹੋਣ ਕਰਕੇ ਉਸ ਦੀ ਮਾਸੀ ਬਣ ਗਈ ਤੇ ਉਹ ਦੋਵੇਂ ਉਸ ਦੇ ਸੁਭਾਅ ਵੱਲ ਮੋਹੇ ਗਏ।

ਅਗਲੇ ਐਤਵਾਰ ਜਦੋਂ ਕਹਾਣੀਕਾਰ ਤੇ ਉਸ ਦੀ ਪਤਨੀ ਨੇ ਮਾਸੀ ਨੂੰ ਗੁਰਦੁਆਰੇ ਲਿਜਾਣਾ ਚਾਹਿਆ, ਤਾਂ ਉਸ ਦੇ ਪੁੱਤਰ-ਨੂੰਹ ਅਤੇ ਪੋਤੇ-ਪੋਤੀਆਂ ਵਿੱਚੋਂ ਕੋਈ ਵਿਹਲ ਜਾਂ ਰੁਚੀ ਦੀ ਘਾਟ ਦੱਸ ਕੇ ਉਸ ਦੇ ਨਾਲ ਨਾ ਤੁਰਿਆ, ਪਰ ਜਦੋਂ ਮਾਸੀ ਨੇ ਗੁਰਦੁਆਰੇ ਜਾ ਕੇ ਲੰਗਰ ਪਕਾਇਆ ਤੇ ਮੰਦਰ ਜਾ ਕੇ ਭਜਨ ਗਾਏ, ਤਾਂ ਦੋਹਾਂ ਥਾਵਾਂ ਦੇ ਪ੍ਰਧਾਨ ਬਹੁਤ ਪ੍ਰਭਾਵਿਤ ਹੋਏ। ਮਾਸੀ ਨੂੰ ਇੰਗਲੈਂਡ, ਉੱਥੋਂ ਦੇ ਲੋਕਾਂ, ਸਾਫ਼ ਸੜਕਾਂ, ਖੁੱਲ੍ਹੇ ਖਾਣ-ਪੀਣ, ਮੌਸਮ ਤੇ ਸੁੱਖ ਸਹੂਲਤਾਂ ਕਰਕੇ ਸੁਰਗ ਜਾਪਦਾ ਸੀ ਤੇ ਉਹ ਚਾਹੁੰਦੀ ਸੀ ਕਿ ਉਸ ਦਾ ਪੁੱਤਰ ਉਸ ਨੂੰ ਸਦਾ ਲਈ ਉੱਥੇ ਰੱਖ ਲਵੇ ਤੇ ਆਪਣੇ ਬਾਪ ਨੂੰ ਵੀ ਉੱਤੇ ਬੁਲਾ ਲਵੇ। ਇਸ ਤੋਂ ਕੁਝ ਸਮੇਂ ਮਗਰੋਂ ਕਹਾਣੀਕਾਰ ਨੂੰ ਮਾਸੀ ਨੇ ਟੈਲੀਫ਼ੋਨ ‘ਤੇ ਘਰ ਬੁਲਾਇਆ ਤੇ ਭੁੱਬਾਂ ਮਾਰ ਕੇ ਰੋਂਦਿਆਂ ਹੱਥ ਜੋੜ ਕੇ ਕਿਹਾ ਕਿ ਉਹ ਬਲਵੰਤ ਨੂੰ ਆਖ ਕੇ ਉਸ ਨੂੰ ਛੇਤੀ ਤੋਂ ਛੇਤੀ ਇੰਡੀਆ ਭਿਜਵਾ ਦੇਵੇ, ਕਿਉਂਕਿ ਉਹ ਪੁੱਤਰ-ਨੂੰਹ ਤੇ ਪੋਤੇ-ਪੋਤੀਆਂ ਦੇ ਅਪਣੱਤ, ਮੋਹ ਤੇ ਗੱਲਬਾਤ ਦੀ ਸਾਂਝ ਤੋਂ ਸੱਖਣੇ ਜੀਵਨ ਤੋਂ ਬੁਰੀ ਤਰ੍ਹਾਂ

ਨਿਰਾਸ਼ ਹੋ ਚੁੱਕੀ ਹੈ ਤੇ ਉਹ ਮੜ੍ਹੀਆਂ ਤੋਂ ਵੀ ਬਦਤਰ ਇਸ ਜੀਵਨ ਵਿੱਚੋਂ ਜਲਦੀ ਤੋਂ ਜਲਦੀ ਬਾਹਰ ਨਿਕਲ ਜਾਣਾ ਚਾਹੁੰਦੀ ਹੈ।

2. ਵਿਦੇਸ਼ੋਂ ਆਏ ਬਲਵੰਤ ਨੂੰ ਉਸ ਦੀ ਮਾਂ ਕੀ ਕਹਿੰਦੀ ਹੈ ?

ਵਿਦੇਸ਼ੋਂ ਆਏ ਬਲਵੰਤ ਦੀ ਮਾਂ ਉਸ ਨੂੰ ਗੁੱਸੇ ਤੇ ਦੁੱਖ ਨਾਲ ਕਹਿੰਦੀ ਹੈ ਕਿ ਉਸ ਨੂੰ ਪੰਜ਼ੀ ਸਾਲ ਇੰਗਲੈਂਡ ਗਏ ਨੂੰ ਹੋ ਗਏ ਹਨ, ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਵਾਂ ਨੂੰ ਕਿੰਨੀ ਵਾਰ ਇੰਗਲੈਂਡ ਬੁਲਾਇਆ ਹੈ, ਪਰ ਉਸ ਨੇ ਉਸ ਨੂੰ ਕਦੇ ਨਹੀਂ ਬੁਲਾਇਆ, ਜਿਸ ਕਰਕੇ ਆਂਢਣਾਂ-ਗੁਆਂਢਣਾਂ ਬੋਲੀਆਂ ਮਾਰਦੀਆਂ ਹਨ। ਉਹ ਉਨ੍ਹਾਂ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਰਹੀ। ਉਹ ਤਾਂ ਰੰਨ ਦਾ ਹੀ ਹੋ ਕੇ ਰਹਿ ਗਿਆ ਹੈ ਤੇ ਭੁੱਲ ਗਿਆ ਹੈ ਕਿ ਉਸ ਨੇ ਉਸ ਦੀ ਪਾਲਣਾ ਕਰਦਿਆਂ ਕਿੰਨੇ ਦੁੱਖ ਸਹੇ ਹਨ।

3. ਲੇਖਕ ਦੀ ਮਾਸੀ ਦਾ ਸੁਭਾਅ ਕਿਹੋ ਜਿਹਾ ਹੈ ?

ਮਾਸੀ ਮੜ੍ਹੀਆਂ ਤੋਂ ਦੂਰ ਕਹਾਣੀ ਦੀ ਮੁੱਖ ਪੱਤਰ ਹੈ। ਉਹ ਸ਼ਕਲ ਸੂਰਤ ਦੀ ਖ਼ੂਬਸੂਰਤ ਹੋਣ ਤੋਂ ਇਲਾਵਾ ਮਿਲਾਪੜੀ, ਮਿੱਠੀ ਤੇ ਮੋਹ ਲੈਣ ਵਾਲੀ ਸ਼ਖ਼ਸੀਅਤ ਦੀ ਮਾਲਕ ਹੈ। ਆਪਣੀ ਘੁੰਮਣ ਫਿਰਨ ਦੀ ਇੱਛਾ ਪੂਰੀ ਕਰਵਾਉਣ ਲਈ ਉਹ ਨਿਹੋਰਿਆਂ ਤੇ ਗਿਲਿਆਂ ਤੋਂ ਕੰਮ ਲੈਂਦੀ ਹੈ। ਭਾਵੁਕ ਹੋਣ ਕਰਕੇ ਉਹ ਇੰਗਲੈਂਡ ਦੀ ਖੁਸ਼ਹਾਲੀ, ਸੁੰਦਰਤਾ, ਸੁੱਖ-ਸਹੂਲਤਾਂ ਤੇ ਮੌਸਮ ਨੂੰ ਦੇਖ ਕੇ ਇੰਨੀ ਮੋਹਿਤ ਹੋ ਜਾਂਦੀ ਹੈ ਕਿ ਇੰਗਲੈਂਡ ਦੀਆਂ ਸਿਫ਼ਤਾਂ ਤੇ ਇੰਡੀਆ ਦੀ ਨਿੰਦਿਆ ਕਰਦੀ ਹੈ। ਉਹ ਸਹੀ ਅਰਥਾਂ ਵਿੱਚ ਧਾਰਮਿਕ ਸੇਵਾ ਭਾਵ ਵਾਲੀ, ਭਜਨ ਗਾ ਕੇ ਧੂੜਾਂ ਪੁੱਟਣ ਵਾਲੀ, ਅੰਧਵਿਸ਼ਵਾਸੀ ਤੇ ਪੁਰਾਣੇ ਵਕਤਾਂ ਦੀ ਔਰਤ ਦਾ ਨਮੂਨਾ ਹੈ।

4. ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚਿਆਂ ਦਾ ਆਪਣੇ ਮਾਪਿਆਂ ਪ੍ਰਤੀ ਵਤੀਰਾ ਕਿਹੋ ਜਿਹਾ ਹੈ ?

ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚੇ ਆਪਣੇ ਮਾਪਿਆਂ ਦੇ ਕਹੇ ਨਹੀਂ ਲੱਗਦੇ।ਉਹ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਪ੍ਰਤੀ ਆਪਣਾ ਕੋਈ ਫਰਜ਼ ਨਹੀਂ ਸਮਝਦੇ ਤੇ ਉਨ੍ਹਾਂ ਦੀ ਮਰਜ਼ੀ ਦੀ ਪ੍ਰਵਾਹ ਕੀਤੇ ਬਗ਼ੈਰ ਆਪਣੇ ਫਰੈਂਡਾਂ ਨਾਲ ਬਣੇ ਪ੍ਰੋਗਰਾਮਾਂ ਤੇ ਟੈਲੀਵਿਜ਼ਨ ਦੇਖਣ ਆਦਿ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਨੂੰ ਮਾਪਿਆਂ ਨਾਲ ਗੁਰਦੁਆਰੇ ਤੇ ਮੰਦਿਰ ਜਾਣਾ ਵੀ ਪਸੰਦ ਨਹੀਂ।

5. ਮਾਸੀ ਵੱਲੋਂ ਅਜਿਹੀ ਕਿਹੜੀ ਗੱਲ ਕਹੀ ਗਈ ਸੀ ਜਿਸ ਨੇ ਲੇਖਕ ਨੂੰ ਕੀਲ ਲਿਆ ਸੀ ?

ਮਾਸੀ ਨੇ ਲੇਖਕ ਦੇ ਪੁੱਛਣ ਤੇ ਕਿਹਾ ਸੀ ਕਿ ਉਹ ਗੁਰਦੁਆਰੇ ਵੀ ਜਾਵੇਗੀ ਤੇ ਮੰਦਿਰ ਵੀ। ਇਹ ਗੱਲ ਲੇਖਕ ਨੂੰ ਬਹੁਤ ਚੰਗੀ ਲੱਗੀ। ਮਾਸੀ ਨੇ ਕਿਹਾ ਕਿ ਹਿੰਦੂਆਂ ਸਿੱਖਾਂ ਵਿੱਚ ਫ਼ਰਕ ਵਾਲੀ ਬਿਮਾਰੀ ਤਾਂ ਹੁਣੇ ਹੀ ਚੱਲੀ ਹੈ। ਪਾਕਿਸਤਾਨ

ਬਣਨ ਤੋਂ ਪਹਿਲਾਂ ਹਿੰਦੂਆਂ ਨੂੰ ਗੁਰੂ ਘਰ ਨਾਲ ਬਹੁਤ ਪਿਆਰ ਸੀ। ਉਹ ਆਪਣੇ ਇੱਕ ਪੁੱਤਰ ਨੂੰ ਸਿੱਖ ਜ਼ਰੂਰ ਬਣਾਉਂਦੇ ਸਨ। ਮਾਸੀ ਦੀ ਇਸ ਗੱਲ ਨੇ ਲੇਖਕ ਨੂੰ ਕੀਲ ਲਿਆ।

6. ਮਾਸੀ ਨੇ ਲੇਖਕ ਨੂੰ ਮੜ੍ਹੀਆਂ ਸਿਵਿਆਂ ਵਰਗੇ ਨਹਿਸ਼ ਬੋਲ ਬੋਲਣ ਤੋਂ ਕਿਉਂ ਵਰਜਿਆ ?

ਮਾਸੀ ਨੇ ਲੇਖਕ ਨੂੰ ਇੰਗਲੈਂਡ ਲਈ ਮੜ੍ਹੀਆਂ ਸਿਵਿਆਂ ਵਰਗੇ ਨਹਿਸ ਸ਼ਬਦ ਬੋਲਣ ਤੋਂ ਇਸ ਕਰਕੇ ਵਰਜਿਆ ਕਿਉਂਕਿ ਮਾਸੀ ਇੰਗਲੈਂਡ ਦੇ ਲੋਕਾਂ, ਉੱਥੋਂ ਦੀ ਸਫ਼ਾਈ, ਮੌਸਮ ਤੇ ਸੁੱਖ ਸਹੂਲਤਾਂ ਨੂੰ ਦੇਖ ਕੇ ਇੰਨੀ ਦੀਵਾਨੀ ਹੋ ਗਈ ਸੀ ਕਿ ਉਹ ਉਸ ਥਾਂ ਨੂੰ ਧਰਤੀ ਦਾ ਸਵਰਗ ਸਮਝਣ ਲੱਗੀ ਸੀ ਤੇ ਉਹ ਸਦਾ ਲਈ ਉੱਥੇ ਵੱਸ ਜਾਣਾ ਚਾਹੁੰਦੀ ਸੀ। ਜਦੋਂ ਲੇਖਕ ਨੇ ਬੁਖ਼ਾਰ ਹੋਣ ਕਰਕੇ ਛੁੱਟੀ ਲਈ ਤੇ ਉਸਨੇ ਇਕੱਲਤਾ ਕਾਰਨ ਮਾਸੀ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੂੰ ਇੰਗਲੈਂਡ ਦੀ ਮੜ੍ਹੀਆਂ ਵਰਗੀ ਚੁੱਪ ਖਾਣ ਨੂੰ ਆਉਂਦੀ ਹੈ ਤਾਂ ਮਾਸੀ ਨੂੰ ਸੁੱਖ ਸਹੂਲਤਾਂ ਅਤੇ ਖੁਸ਼ਹਾਲੀ ਨਾਲ ਭਰੇ ਇੰਗਲੈਂਡ ਲਈ ਲੇਖਕ ਦੁਆਰਾ ਵਰਤੇ ਇਹ ਸ਼ਬਦ ਬਹੁਤ ਬੁਰੇ ਲੱਗੇ। ਇਸੇ ਕਰਕੇ ਹੀ ਉਸ ਨੇ ਲੇਖਕ ਨੂੰ ਇਹ ਸ਼ਬਦ ਵਰਤਣ ਤੋਂ ਵਰਜਿਆ।

7. "ਮੈਂ ਆਖਨੀਆਂ- ਬੰਤ ਬੇਟਾ, ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ, ਨਾਲੇ ਤੇਰੀ ਭੈਣ ਦੀ ਵੀ।" ਮਾਸੀ ਨੇ ਇਹ ਸ਼ਬਦ ਲੇਖਕ ਨੂੰ ਕਿਉਂ ਕਹੇ ?

ਇਹ ਸ਼ਬਦ ਮਾਸੀ ਨੇ ਲੇਖਕ ਨੂੰ ਇਹ ਦੱਸਣ ਲਈ ਕਹੇ ਕਿ ਕਿਸ ਤਰ੍ਹਾਂ ਉਸ ਦੇ ਪੁੱਤਰ ਦੀ ਆਪਣੇ ਮਾਪਿਆਂ ਵਿੱਚ ਕੋਈ ਦਿਲਚਸਪੀ ਨਹੀਂ ਰਹੀ ਸਗੋਂ ਉਸ ਦਾ ਵਤੀਰਾ ਬੇਰੁਖ਼ੀ ਭਰਿਆ ਹੈ। ਉਹ ਤੇ ਉਸਦੀ ਪਤਨੀ ਤਾਂ ਸਵੇਰੇ ਪਤਾ ਨਹੀਂ ਕਦੋਂ ਕੰਮ ਉੱਤੇ ਚਲੇ ਜਾਂਦੇ ਹਨ ਤੇ ਰਾਤ ਨੂੰ ਦਸ ਵਜੇ ਤੋਂ ਪਿੱਛੋਂ ਇੰਨੇ ਥੱਕੇ ਹੋਏ ਘਰ ਆਉਂਦੇ ਹਨ ਕਿ ਬੀਅਰ-ਦਾਰੂ ਪੀ ਕੇ ਰੋਟੀ ਖਾਂਦਿਆਂ ਹੀ ਕਮਰੇ ਵੱਲ ਨੱਸਣ ਦੀ ਗੱਲ ਕਰਦੇ ਹਨ। ਜੇਕਰ ਉਹ ਬਲਵੰਤ ਨੂੰ ਦੱਸਦੀ ਹੈ ਕਿ ਉਸਦੇ ਬਾਊ ਜੀ ਜਾਂ ਭੈਣ ਦੀ ਚਿੱਠੀ ਆਈ ਹੈ ਤਾਂ ਉਹ ਉਸ ਵਿੱਚ ਕੋਈ ਦਿਲਚਸਪੀ ਜ਼ਾਹਿਰ ਨਹੀਂ ਕਰਦਾ, ਸਗੋਂ ਕਹਿ ਦਿੰਦਾ ਹੈ ਕਿ ਉਹ ਆਪ ਹੀ ਉਸ ਦਾ ਜਵਾਬ ਦੇ ਦੇਵੇ। ਉਹ ਉਸ ਦੇ ਇਸ ਬੇਪ੍ਰਵਾਹੀ ਭਰੇ ਤੇ ਮੋਹ ਪਿਆਰ ਤੋਂ ਸੱਖਣੇ ਵਤੀਰੇ ਕਰਕੇ ਬਹੁਤ ਦੁਖੀ ਹੈ। ਇਸੇ ਕਰਕੇ ਉਹ ਉੱਥੇ ਨਹੀਂ ਰਹਿਣਾ ਚਾਹੁੰਦੀ।

8. ਮਾਸੀ ਇੰਗਲੈਂਡ ਤੋਂ ਇੰਡੀਆ ਕਿਉਂ ਭਾਰਤ ਆਉਣਾ ਚਾਹੁੰਦੀ ਹੈ ?

ਮਾਸੀ ਆਪਣੇ ਪੁੱਤਰ ਬਲਵੰਤ ਅਤੇ ਉਸਦੀ ਪਤਨੀ ਦੇ ਬੇਰੁਖੀ ਭਰੇ ਤੇ ਉਸ ਦੇ ਬੱਚਿਆਂ ਦੇ ਮੋਹ ਪਿਆਰ ਤੋਂ ਸੱਖਣੇ ਵਤੀਰੇ ਕਰਕੇ ਇੰਗਲੈਂਡ ਨੂੰ ਛੱਡ ਕੇ ਇੰਡੀਆ ਭਾਰਤ ਆਉਣਾ ਚਾਹੁੰਦੀ ਹੈ ਉਸ ਨੂੰ ਆਪਣੇ ਪੁੱਤਰ ਬਲਵੰਤ ਦਾ ਵਤੀਰਾ ਆਪਣੇ ਲਈ ਕਿਸੇ ਦਿਲਚਸਪੀ ਤੋਂ ਸੱਖਣਾ ਜਾਪਦਾ ਹੈ, ਜਿਸ ਕੋਲ ਆਪਣੇ ਬਾਊ ਜੀ ਤੇ ਭੈਣ ਦੀ ਚਿੱਠੀ ਪੜ੍ਹਨ ਲਈ ਵਕਤ ਨਹੀਂ ਸੀ। ਉਸ ਨੂੰ ਆਪਣੀ ਨੂੰਹ ਦਾ ਰਵੱਈਆ ਗੋਰੀਆਂ ਤੋਂ ਵੀ ਭੈੜਾ ਤੇ ਆਦਰ ਸਤਿਕਾਰ ਰਹਿਤ ਜਾਪਦਾ ਹੈ। ਉਸ ਨੂੰ ਆਪਣੇ ਪੋਤੇ ਪੋਤੀਆਂ ਵੀ ਕਹਿਣੇ ਤੋਂ ਬਾਹਰ ਤੇ ਚੰਗੇ ਲੱਛਣਾਂ ਵਾਲੇ ਨਹੀਂ ਜਾਪਦੇ। ਉਸ ਨੂੰ ਬੱਚਿਆਂ ਦੁਆਰਾ

ਮਾਸ ਮੱਛੀ ਤਲ-ਤਲ ਕੇ ਖਾਣ ਨਾਲ ਆਪਣਾ ਧਰਮ ਭ੍ਰਿਸ਼ਟ ਹੋਇਆ ਜਾਪਦਾ ਹੈ। ਉਸ ਦੀ ਬੱਚਿਆਂ ਨਾਲ ਬੋਲੀ ਦੀ ਸਾਂਝ ਨਹੀਂ ਸੀ। ਅਜਿਹੀ ਸਥਿਤੀ ਵਿੱਚ ਉਸ ਨੂੰ ਜਾਪਦਾ ਹੈ ਕਿ ਉਹ ਇੱਥੇ ਘੁੱਟ-ਘੁੱਟ ਕੇ ਮਰ ਜਾਵੇਗੀ। ਉਸ ਨੂੰ ਉੱਥੋਂ ਦਾ ਵਾਤਾਵਰਨ ਮੜ੍ਹੀਆਂ ਤੋਂ ਵੀ ਬੁਰਾ ਜਾਪਦਾ ਹੈ। ਇਸ ਕਰਕੇ ਉਹ ਉੱਥੋਂ ਭਾਰਤ ਵਾਪਸ ਆਉਣਾ ਚਾਹੁੰਦੀ ਹੈ।

9. ਬਲਵੰਤ ਰਾਏ ਦਾ ਸੁਭਾਅ ਕਿਹੋ ਜਿਹਾ ਹੈ ?

ਬਲਵੰਤ ਰਾਏ ਮੜ੍ਹੀਆਂ ਤੋਂ ਦੂਰ ਕਹਾਣੀ ਦਾ ਇੱਕ ਮਹੱਤਵਪੂਰਨ ਪਾਤਰ ਹੈ। ਉਹ ਪਿਛਲੇ 25 ਸਾਲਾਂ ਤੋਂ ਇੰਗਲੈਂਡ ਵਿੱਚ ਰਹਿ ਰਿਹਾ ਸੀ। ਉਸਦੀ ਪਤਨੀ ਦਾ ਨਾਂ ਬਿੰਦੂ ਹੈ। ਉਸ ਦੀ ਪਤਨੀ ਤੋਂ ਬਿਨਾਂ ਉਸ ਦੀਆਂ ਦੋ ਧੀਆਂ ਤੇ ਇੱਕ ਪੁੱਤਰ ਹੈ। ਉਹ ਆਪਣੀ ਮਾਂ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਇੰਗਲੈਂਡ ਲੈ ਜਾਂਦਾ ਹੈ। ਉਹ ਤੇ ਉਸ ਦੀ ਪਤਨੀ ਦੁਕਾਨਾਂ ਚਲਾਉਂਦੇ ਹਨ। ਉਸ ਦਾ ਸਰੀਰਕ ਰੰਗ-ਰੂਪ ਆਪਣੀ ਮਾਂ ਦੇ ਮੁਕਾਬਲੇ ਕਣਕ ‘ਚ ਕਾਂਗਿਆਰੀ ਵਰਗਾ ਹੈ। ਉਹ ਮਾਂ ਨੂੰ ਪਿਆਰ ਕਰਨ ਵਾਲਾ ਸੱਚਾ, ਸਪੱਸ਼ਟ, ਬੱਚਿਆਂ ਸਾਹਮਣੇ ਬੇਵੱਸ ਤੇ ਕੰਮ ਵਿੱਚ ਫਸਿਆ ਰਹਿਣ ਵਾਲਾ ਵਿਅਕਤੀ ਹੈ। ਉਹ ਇੰਗਲੈਂਡ ਵਿੱਚ ਉਸ ਵੱਲ ਪੂਰੀ ਤਰ੍ਹਾਂ ਧਿਆਨ ਦੇਣ ਤੋਂ ਅਸਮਰੱਥ ਰਹਿੰਦਾ ਹੈ, ਜਿਸ ਦੇ ਸਿੱਟੇ ਵਜੋਂ ਉਹ ਬੁਰੀ ਤਰ੍ਹਾਂ ਨਿਰਾਸ਼ ਹੋ ਜਾਂਦੀ ਹੈ। ਆਪਣੇ ਰੁਝਾਨ ਬਾਰੇ ਉਸ ਨੇ ਆਪਣੀ ਮਾਂ ਨੂੰ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਸ ਨੇ ਆਪਣਾ ਦਿਲ ਆਪ ਹੀ ਲਾਉਣਾ ਹੈ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਮੜ੍ਹੀਆਂ ਤੋਂ ਦੂਰ ਕਹਾਣੀ ਦਾ ਲੇਖਕ ਕੌਣ ਹੈ
   ਰਘਬੀਰ ਢੰਡ
2. ਬਲਵੰਤ ਰਾਏ ਨੂੰ ਇੰਗਲੈਂਡ ਵਿੱਚ ਰਹਿੰਦਿਆਂ ਕਿੰਨੇ ਸਾਲ ਹੋ ਗਏ ਸਨ
   ਪੰਝੀ ਸਾਲ
3. ਮਾਸੀ ਕਿਹੜੇ ਦੇਸ਼ ਵਿੱਚ ਗਈ ਸੀ
   ਇੰਗਲੈਂਡ ਵਿੱਚ
4. ਮਾਸੀ ਪਾਕਿਸਤਾਨ ਨੂੰ ਕਿਸ ਥਾਂ ਤੋਂ ਆਈ ਹੋਈ ਸੀ
   ਰਾਵਲ ਪਿੰਡੀ ਤੋਂ
5. ਮਾਸੀ ਨੂੰ ਕਹਾਣੀ ਦੇ ਅੰਤ ਤੇ ਇੰਗਲੈਂਡ ਕਿਹੋ ਜਿਹਾ ਲੱਗਦਾ ਸੀ
   ਮੜ੍ਹੀਆਂ ਵਰਗਾ

**ਤਿਆਰ ਕਰਤਾ**

**ਸੰਦੀਪ ਸਿੰਘ**

**ਪੰਜਾਬੀ ਮਾਸਟਰ**

**ਸਰਕਾਰੀ ਹਾਈ ਸਕੂਲ**

**ਭਿੰਡੀ ਔਲਖ ( ਅੰਮ੍ਰਿਤਸਰ )**